Lakeridge Health

ਮਈ 8, 2020

ਪਿਆਰੇ ਦੋਸਤੋ ਅਤੇ ਗੁਆਂਢੀਓ,




Durham ਖੇਤਰ COVID-19 ਦੇ ਵਿਰੁੱਧ ਲੜਾਈ ਵਿੱਚ ਨਿਰੰਤਰ ਤਰੱਕੀ ਕਰ ਰਿਹਾ ਹੈ, ਜਿੱਥੇ ਆਮ ਲੋਕਾਂ ਦੇ ਵਿੱਚ ਹਰ ਦਿਨ ਵਾਇਰਸ ਦੇ ਘੱਟ ਪੁਸ਼ਟੀ ਕੀਤੇ ਮਾਮਲੇ ਆ ਰਹੇ ਹਨ। ਇਸ ਸ਼ਾਨਦਾਰ ਖ਼ਬਰ ਨੂੰ ਕੁਝ ਲੰਮੇ ਸਮੇਂ ਦੀ ਦੇਖਭਾਲ ਵਾਲੇ ਸਥਾਨਾਂ ਅਤੇ ਹੋਰ ਇਕੱਠੇ ਰਹਿਣ ਦੇ ਸਥਾਨਾਂ ਵਿੱਚ ਹੋਏ ਵਿਨਾਸ਼ਕਾਰੀ ਪ੍ਰਕੋਪ ਦੇ ਨਾਲ ਸੰਤੁਲਿਤ ਕੀਤਾ ਜਾਣਾ ਲਾਜ਼ਮੀ ਹੈ। ਭਾਈਚਾਰੇ ਦੇ ਅੰਦਰ ਫੈਲਾਅ ਨੂੰ ਘਟਾਉਣ ਲਈ ਨਿਰੰਤਰ ਅਤੇ ਅਟੱਲ ਚੌਕਸੀ ਨੂੰ ਜਾਰੀ ਰੱਖਣ, ਅਤੇ ਲੰਬੇ ਸਮੇਂ ਦੀ ਦੇਖਭਾਲ ਅਤੇ ਰਿਟਾਇਰਮੈਂਟ ਹੋਮਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਹਾਇਤਾ ਕਰਨ ਦੀ ਲੋੜ ਹੈ।

**Ontario ਦੀ COVID-19 ਯੋਜਨਾ ਵਿੱਚ ਇੱਕ ਨਵਾਂ ਪੜਾਅ**

ਇਸ ਹਫ਼ਤੇ COVID-19 'ਤੇ Ontario ਦੀ ਪ੍ਰਤਿਕਿਰਿਆ ਵਿੱਚ ਦੋ ਮਹੱਤਵਪੂਰਨ ਘਟਨਾਵਾਂ ਹੋਈਆਂ ਹਨ।

6 ਮਈ ਨੂੰ, Ontario ਸਰਕਾਰ ਨੇ ਐਮਰਜੈਂਸੀ ਦੀ ਸਥਿਤੀ ਨੂੰ Victoria ਡੇ ਦੇ ਵੀਕਐਂਡ ਤੱਕ ਵਧਾ ਦਿੱਤਾ। ਇਸਦਾ ਅਰਥ ਹੈ ਕਿ ਮੌਜੂਦਾ ਐਮਰਜੈਂਸੀ ਆਦੇਸ਼ ਲਾਗੂ ਰਹਿਣਗੇ ਜਿਸ ਵਿੱਚ ਸਰੀਰਕ (ਸਮਾਜਿਕ) ਦੂਰੀ ਨੂੰ ਯਕੀਨੀ ਬਣਾਉਣ ਲਈ ਜਨਤਕ ਅਤੇ ਸਮਾਜਿਕ ਇਕੱਠਾਂ ਨੂੰ ਪੰਜ ਤੋਂ ਵੱਧ ਵਿਅਕਤੀਆਂ ਤੱਕ ਸੀਮਤ ਕਰਨਾ ਸ਼ਾਮਲ ਹੈ।

ਨਾਲ ਹੀ, ਇਸ ਹਫ਼ਤੇ, ਸੂਬਾਈ ਸਰਕਾਰ ਨੇ ਅਰਥ-ਵਿਵਸਥਾ ਨੂੰ ਹੌਲੀ-ਹੌਲੀ ਮੁੜ ਖੋਲ੍ਹਣ ਲਈ ਪਹਿਲਾ ਕਦਮ ਚੁੱਕਿਆ। ਹਫ਼ਤੇ ਦੇ ਸ਼ੁਰੂ ਵਿੱਚ ਗਾਰਡਨ ਸੈਂਟਰਾਂ ਨੂੰ ਖੋਲ੍ਹਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਗਲੀ ਦੇ ਅੰਦਰ ਪ੍ਰਵੇਸ਼ ਦੁਆਰਾਂ ਵਾਲੇ "ਗੈਰ-ਜ਼ਰੂਰੀ" ਰਿਟੇਲ ਸਟੋਰਾਂ ਨੂੰ 11 ਮਈ ਨੂੰ ਦੁਬਾਰਾ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਸਫਲ ਤਰੀਕੇ ਨਾਲ ਪੜਾਅਵਾਰ ਦੁਬਾਰਾ ਖੋਲ੍ਹਣ ਵਿੱਚ ਸਹਾਇਤਾ ਕਰਨ ਲਈ, ਸਾਨੂੰ ਉਹਨਾਂ ਰਣਨੀਤੀਆਂ ਨੂੰ ਜਾਰੀ ਰੱਖਣ ਦੀ ਲੋੜ ਹੈ ਜੋ ਅਸੀਂ ਫੈਲਾਅ ਨੂੰ ਰੋਕਣ ਲਈ ਮਾਰਚ ਦੇ ਅੱਧ ਵਿੱਚ ਸ਼ੁਰੂ ਕੀਤੀਆਂ ਸਨ।

ਇਹਨਾਂ ਵਿੱਚ ਜਿੰਨਾ ਸੰਭਵ ਹੋ ਸਕੇ ਤੁਹਾਡੇ ਨੇੜਲੇ ਪਰਿਵਾਰ ਦੇ ਨਾਲ ਘਰ ਰਹਿਣਾ, ਤੁਹਾਡੇ ਸੋਸ਼ਲ ਨੈੱਟਵਰਕ ਨਾਲ ਵਰਚੁਅਲ ਤੌਰ 'ਤੇ ਜੁੜਨਾ, ਅਤੇ ਬਾਹਰ ਜਾਣ ਵੇਲੇ ਸਰੀਰਕ ਦੂਰੀਆਂ ਪ੍ਰਤੀ ਸਾਵਧਾਨ ਰਹਿਣਾ ਸ਼ਾਮਲ ਹੈ। ਜਨਤਕ ਤੌਰ 'ਤੇ ਗੈਰ-ਡਾਕਟਰੀ ਮਾਸਕ ਜਾਂ ਘਰ ਦਾ ਬਣਿਆ ਕੱਪੜੇ ਦਾ ਮਾਸਕ ਪਾਉਣਾ ਇੱਕ ਵਾਧੂ ਉਪਾਅ ਹੈ ਜੋ ਤੁਸੀਂ ਉਸ ਵੇਲੇ ਆਪਣੀ ਅਤੇ ਦੂਜਿਆਂ ਦੀ ਰੱਖਿਆ ਲਈ ਕਰ ਸਕਦੇ ਹੋ ਜਦੋਂ ਸਰੀਰਕ ਦੂਰੀ ਨਹੀਂ ਬਣਾਈ ਜਾ ਸਕਦੀ, ਜਿਵੇਂ ਕਿ ਜਨਤਕ

ਆਵਾਜਾਈ ਜਾਂ ਛੋਟੀਆਂ ਕਰਿਆਨੇ ਦੀਆਂ ਦੁਕਾਨਾਂ 'ਤੇ। ਅਤੇ, ਇਹ ਜਾਣਨਾ ਮਹੱਤਵਪੂਰਨ ਹੈ ਕਿ ਮਾਸਕ ਹੱਥ ਧੋਣ ਅਤੇ ਸਰੀਰਕ ਦੂਰੀਆਂ ਦਾ ਬਦਲ ਨਹੀਂ ਹਨ, ਅਤੇ COVID-19 ਨੂੰ ਰੋਕਣ ਲਈ ਸਿਰਫ ਇੱਕ ਵਾਧੂ ਸਾਧਨ ਹਨ।

ਇਸ ਬਸੰਤ, ਜਦੋਂ ਡਾਕਟਰ, ਨਰਸ ਕਰਮਚਾਰੀ ਅਤੇ ਦੇਖਭਾਲ ਦੀ ਮੁਹਰਲੀ ਕਤਾਰ ਦੇ ਹੋਰ ਲੋਕ ਰਾਸ਼ਟਰੀ ਪਛਾਣ ਦਿਵਸ ਅਤੇ ਹਫ਼ਤੇ ਮਨਾ ਰਹੇ ਹਨ, ਆਓ ਇਸ ਵਿਨਾਸ਼ਕਾਰੀ ਵਿਸ਼ਾਣੂ ਦੇ ਫੈਲਣ ਨੂੰ ਰੋਕਣ ਲਈ ਆਪਣੀ ਭੂਮਿਕਾ ਨਿਭਾਉਂਦਿਆਂ ਆਪਣਾ ਸ਼ੁਕਰੀਆ ਦਿਖਾਈਏ।

**COVID-19 ਦੇ ਨਾਲ ਲੜਾਈ ਵਿੱਚ ਸਭ ਤੋਂ ਅੱਗੇ ਖੜ੍ਹੇ ਨਰਸ ਕਰਮਚਾਰੀ**

ਅਗਲੇ ਹਫ਼ਤੇ ਅਸੀਂ ਨਰਸਿੰਗ ਵੀਕ ਮਨਾ ਰਹੇ ਹਾਂ ਜਿਸ ਦਾ ਵਿਸ਼ਾ ਹੈ *ਨਰਸ ਕਰਮਚਾਰੀ: ਅਗਵਾਈ ਕਰਨ ਲਈ ਇੱਕ ਆਵਾਜ਼ - ਦੇਖਭਾਲ ਕਰ ਕੇ ਦੁਨੀਆਂ ਨੂੰ ਸਿਹਤਮੰਦ ਬਣਾਉਣਾ।* ਬਿਸਤਰੇ ਦੇ ਕਿਨਾਰੇ, ਭਾਈਚਾਰੇ ਵਿੱਚ, ਅਤੇ ਫੈਸਲਾ ਲੈਣ ਵਾਲੇ ਮੇਜ਼ਾਂ 'ਤੇ, ਨਰਸ ਕਰਮਚਾਰੀ ਮਨੁੱਖਤਾ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੇ ਹਨ। ਬਹੁਤ ਸਾਰੇ ਸਿਹਤ ਦੇਖਭਾਲ ਕਰਨ ਵਾਲੇ ਸਹਿਕਰਮੀਆਂ ਦੇ ਨਾਲ ਮਿਲ ਕੇ, ਨਰਸ ਕਰਮਚਾਰੀ, COVID-19 ਪ੍ਰਤੀ ਸਾਡੀ ਪ੍ਰਤਿਕਿਰਿਆ ਵਿੱਚ ਸਭ ਤੋਂ ਅੱਗੇ ਹਨ।

ਅਸੀਂ Lakeridge Health ਵਿਖੇ 2500 ਤੋਂ ਵੱਧ ਨਰਸ ਕਰਮਚਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹਾਂਗੇ ਜੋ ਸਾਡੇ ਭਾਈਚਾਰੇ ਦੇ ਲੋਕਾਂ ਦੀ ਸੇਵਾ ਕਰਨ ਲਈ ਬਿਹਤਰ ਅਤੇ ਵਧੇਰੇ ਪ੍ਰਭਾਵਸ਼ਾਲੀ ਟੀਮ ਅਧਾਰਤ ਤਰੀਕਿਆਂ ਦੇ ਰਾਹੀਂ ਸੁਰੱਖਿਅਤ ਅਤੇ ਵਧੀਆ ਕੁਆਲਿਟੀ ਦੀ ਸਿਹਤ-ਸੰਭਾਲ ਮੁਹੱਈਆ ਕਰਦੇ ਹਨ ਅਤੇ ਸਾਡੀ ਸਿਹਤ ਪ੍ਰਣਾਲੀ ਨੂੰ ਸੁਧਾਰਨ ਲਈ ਸਹਾਇਤਾ ਕਰਦੇ ਹਨ।

**ਮਰੀਜ਼ਾਂ ਅਤੇ ਸਾਡੇ ਭਾਈਚਾਰੇ ਲਈ ਸੇਵਾਵਾਂ**

ਸੂਬਾਈ ਸਰਕਾਰ ਦੀ ਯੋਜਨਾ ਦੀ ਪਾਲਣਾ ਕਰਦੇ ਹੋਏ, Lakeridge Health ਗੈਰ-ਐਮਰਜੈਂਸੀ ਸਰਜਰੀਆਂ ਅਤੇ ਹੋਰ ਸੇਵਾਵਾਂ ਨੂੰ ਉਸ ਵੇਲੇ ਵਧਾਉਣ ਦੀ ਸਰਗਰਮੀ ਨਾਲ ਯੋਜਨਾ ਬਣਾ ਰਹੀ ਹੈ ਜਦੋਂ ਇਹ ਕਰਨਾ ਸੁਰੱਖਿਅਤ ਹੋਵੇਗਾ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹਨਾਂ ਸੇਵਾਵਾਂ ਨੂੰ ਵਧਾਉਣ ਵਿੱਚ ਕਈ ਹਫ਼ਤੇ ਲੱਗਣਗੇ ਅਤੇ ਸਰਜਰੀਆਂ ਦਾ ਕਾਰਜਕ੍ਰਮ ਸੋਚ ਸਮਝ ਕੇ ਤਿਆਰ ਕੀਤਾ ਜਾਵੇਗਾ, ਹਾਲਾਂਕਿ ਅਸੀਂ ਜਾਣਦੇ ਹਾਂ ਕਿ COVID-19 ਤੋਂ ਪਹਿਲਾਂ ਦੇ ਪੱਧਰਾਂ ਤੱਕ ਪਹੁੰਚਣ ਵਿੱਚ ਕੁਝ ਸਮਾਂ ਲੱਗੇਗਾ। ਜੇ ਤੁਹਾਡੇ ਕੋਲ ਆਪਣੀ ਸਰਜਰੀ ਬਾਰੇ ਕੋਈ ਸਵਾਲ ਹਨ ਤਾਂ ਰੈਫਰ ਕਰਨ ਵਾਲੇ ਕਲੀਨਿਕ ਤੋਂ ਪਤਾ ਕਰੋ ਅਤੇ ਵਧੇਰੇ ਜਾਣਕਾਰੀ ਲਈ Lakeridge Health ਦੀ ਵੈੱਬਸਾਈਟ ਦੇਖੋ।

ਅਸੀਂ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਵਰਚੁਅਲ ਸੇਵਾਵਾਂ ਦਾ ਵੀ ਵਿਸਤਾਰ ਕੀਤਾ ਹੈ ਜਿਸ ਵਿੱਚ COVID-19 ਪਾਜ਼ਿਟਿਵ ਮਰੀਜ਼ਾਂ ਦੀ ਘਰ ਵਿੱਚ ਨਿਗਰਾਨੀ ਕਰਨ ਲਈ ਵਰਚੁਅਲ ਵਾਰਡ ਲਾਗੂ ਕਰਨਾ, ਓਨਕੋਲੋਜੀ ਅਤੇ ਹੋਰ ਮਰੀਜ਼ਾਂ ਲਈ ਵਰਚੁਅਲ ਮੁਲਾਕਾਤਾਂ ਵਿੱਚ ਸਹਾਇਤਾ ਕਰਨਾ ਅਤੇ ਜਲਦੀ ਹੀ ਸ਼ੁਰੂ ਕੀਤਾ ਜਾਣ ਵਾਲਾ ਵਰਚੁਅਲ ਮਾਨਸਿਕ ਸਿਹਤ ਅਤੇ ਲੱਤ ਬਾਰੇ ਕਲੀਨਿਕ ਸ਼ਾਮਲ ਹੈ।

ਲੰਬੇ ਸਮੇਂ ਦੀ ਦੇਖਭਾਲ ਸਹੂਲਤ ਦੀ ਟੀਮ ਅਤੇ ਕੈਨੇਡੀਅਨ ਆਰਮਡ ਫੋਰਸਿਜ਼ ਦੇ ਨਜ਼ਦੀਕੀ ਸਹਿਯੋਗ ਨਾਲ Lakeridge Health ਦੁਆਰਾ Pickering ਵਿੱਚ Orchard Villa ਵਿਖੇ ਪ੍ਰਕੋਪ 'ਤੇ ਪ੍ਰਤਿਕਿਰਿਆ ਦੀ ਲਗਾਤਾਰ

ਅਗਵਾਈ ਕੀਤੀ ਜਾ ਰਹੀ ਹੈ। ਸਾਡਾ ਮੁੱਖ ਧਿਆਨ ਇਹ ਪੱਕਾ ਕਰਨਾ ਹੈ ਕਿ ਵਸਨੀਕਾਂ ਨੂੰ ਉਹਨਾਂ ਦੀ ਲੋੜ ਦੀ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਹੋਵੇ ਅਤੇ ਪ੍ਰਕੋਪ ਨੂੰ ਖਤਮ ਕੀਤਾ ਜਾਵੇ। ਸਾਡੇ ਕੰਮ ਦਾ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਕੋਈ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ ਦੀਆਂ ਸਹੀ ਵਿਧੀਆਂ ਦੀ ਵਰਤੋਂ ਕਰ ਰਿਹਾ ਹੈ, ਨਿੱਜੀ ਸੁਰੱਖਿਆ ਦੇ ਉਪਕਰਣਾਂ ਦੀ ਸੁਰੱਖਿਅਤ ਢੰਗ ਨਾਲ ਵਰਤੋਂ ਕਰ ਰਿਹਾ ਹੈ ਅਤੇ ਪ੍ਰਕੋਪ ਦੇ ਪ੍ਰਬੰਧਨ ਵਿੱਚ ਬਿਹਤਰੀਨ ਤਰੀਕਿਆਂ 'ਤੇ ਸਿੱਖਿਆ ਅਤੇ ਸਿਖਲਾਈ ਨੂੰ ਯਕੀਨੀ ਬਣਾਉਣਾ।

ਸਾਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਟਾਫ਼ ਦੇ ਪੱਧਰ ਸਥਿਰ ਹੋ ਗਏ ਹਨ ਅਤੇ ਉਹਨਾਂ ਸਾਰੇ ਪਛਾਣੇ ਗਏ ਨਿਯਤ ਪਰਿਵਾਰਕ ਸੰਪਰਕਾਂ (ਉਦਾਹਰਨ ਲਈ, ਪਾਵਰ ਆਫ਼ ਅਟਾਰਨੀ ਜਾਂ ਫੈਸਲਾ ਲੈਣ ਵਾਲਾ ਬਦਲਵਾਂ ਵਿਅਕਤੀ), ਜੋ ਮਿਲਣ ਨਹੀਂ ਆ ਸਕਦੇ ਹਨ, ਨਾਲ Lakeridge Health ਦੀ ਰੋਗੀ ਤਜਰਬਾ ਟੀਮ ਦੁਆਰਾ ਸੰਪਰਕ ਕੀਤਾ ਗਿਆ ਹੈ, ਅਤੇ ਸੰਪਰਕ ਕੀਤੇ ਗਏ ਹਰੇਕ ਵਿਅਕਤੀ ਨੂੰ ਆਪਣੇ ਅਜ਼ੀਜ਼ ਬਾਰੇ ਇੱਕ ਵਿਅਕਤੀਗਤ ਤਾਜ਼ਾ ਜਾਣਕਾਰੀ ਮਿਲ ਰਹੀ ਹੈ।

Lakeridge Health ਦੀ ਵੈੱਬਸਾਈਟ 'ਤੇ Orchard Villa ਵਿਖੇ ਪ੍ਰਕੋਪ 'ਤੇ ਪ੍ਰਤਿਕਿਰਿਆ ਪੰਨੇ 'ਤੇ ਜਾ ਕੇ ਹੋਰ ਜਾਣਕਾਰੀ ਲਵੋ।

**ਮਦਦ ਕਰਨ ਦੇ ਦੋ ਮਹੱਤਵਪੂਰਨ ਤਰੀਕੇ**

ਉਪਕਰਨਾਂ, ਸੇਵਾਵਾਂ ਜਾਂ ਟੀਮ ਦੀ ਤੰਦਰੁਸਤੀ ਵਿੱਚ ਸਹਾਇਤਾ ਕਰਨ ਵਾਲੀਆਂ ਚੀਜ਼ਾਂ ਦਾਨ ਕਰਨ ਲਈ COVID19GIVING@lh.ca 'ਤੇ ਸੰਪਰਕ ਕਰੋ।

ਕਿਰਪਾ ਕਰਕੇ ਵਿੱਤੀ ਸਹਾਇਤਾ *Durham Fights COVID-19* ਮੁਹਿੰਮ ਨੂੰ ਦਿਓ - www.durhamfightscovid19.ca। ਤੁਹਾਡੇ ਦਾਨ ਨੂੰ ਮਰੀਜ਼ਾਂ ਦੇ ਤਜਰਬੇ, ਡਾਕਟਰੀ ਉਪਕਰਨਾਂ ਅਤੇ ਸਾਡੀਆਂ ਟੀਮਾਂ ਲਈ ਦੇਖਭਾਲ ਦੀਆਂ ਚੀਜ਼ਾਂ ਨੂੰ ਬਿਹਤਰ ਬਣਾਉਣ ਦੇ ਸਰੋਤਾਂ ਵਾਸਤੇ ਤੁਹਾਡੇ ਸਥਾਨਕ ਹਸਪਤਾਲ ਵਿੱਚ ਭੇਜਿਆ ਜਾ ਸਕਦਾ ਹੈ।

ਸਾਡੇ ਭਾਈਚਾਰੇ ਨੂੰ ਤੰਦਰੁਸਤ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਤੁਹਾਡਾ ਧੰਨਵਾਦ। ਸੁਰੱਖਿਅਤ ਬਣੋ!

ਤੁਹਾਡੀ ਚੰਗੀ ਸਿਹਤ ਦੀ ਕਾਮਨਾ ਕਰਦੇ ਹੋਏ,

ਸੁਜ਼ਨ ਡੀਰੈਕ (Susan deRyk)
ਅੰਤਰਿਮ ਪ੍ਰਧਾਨ ਅਤੇ ਸੀ.ਈ.ਓ.

ਡਾ. ਟੋਨੀ ਸਟੋਨ (Dr. Tony Stone)
ਚਿਐਫ ਓਫ ਸਟਾਫ